ੴ ਸਤਿਗੁਰੂ ਪ੍ਰਸਾਦਿ

# ਬਚਿਤ੍ਰ ਨਾਟਕ ਬਾਲਮਿਕੀ ਰਾਮਾਇਣ ਤੇ ਭੀ ਖਰਾ ਨਹੀਂ

ਬਚਿਤ੍ਰ ਨਾਟਕ ਦੇ ਆਧਿਆਇ ੨ ਤੋ ੨੨ ਛੰਦ ਦੀ ਵਿਸ਼ਾ ਵਸਤੂ ਹਿੰਦੂ ਧਰਮ ਦੇ ਪੂਜਨੀਕ ਅਵਤਾਰ ਰਾਜਾ ਰਾਮਚੰਦਰ ਜੀ ਨਾਲ ਸਬੰਧਤ ਹੈ।ਇਨ੍ਹਾਂ ਛੰਦਾਂ ਵਿਚ ਸ਼੍ਰੀ ਰਾਮੰਦਰ ਦੇ ਵਡੇ ਵਡੇਰਿਆ ਬਾਰੇ ਵਰਣਨ ਕੀਤਾ ਗਿਆ ਹੈ।ਸ਼੍ਰੀ ਰਾਮਚੰਦਰ ਜੀ ਦੇ ਪੂਰਵਜਾਂ ਦੇ ਨਾਲ ਹੀ ਇਨ੍ਹਾਂ ਛੰਤਾਂ ਵਿਚ ਸ੍ਰਿਸ਼ਟੀ ਦੀ ਉਪਤੀ ਦਾ ਭੀ ਜਿਕਰ ਮਿਲਦਾ ਹੈ।ਸ੍ਰਿਸ਼ਟੀ ਦੀ ਉਤਪਤੀ ਦੇ ਨਾਲ ਕਾਲ ਵਲੋ ਜੋ ਰਾਜੇ ਥਾਪੇ ਗਏ ਉਨ੍ਹਾਂ ਦੀ ਅੰਸ਼ ਵਿਚੋ ਹੀ ਸ੍ਰੀ ਰਾਮਚੰਦਰ ਦਾ ਜਨਮ ਹੋਇਆ।ਸ਼੍ਰੀ ਰਾਮਚੰਦਰ ਦੇ ਜੀਵਨ ਨਾਲ ਸੰਬਧਤ ਸਭ ਤੋਂ ਪ੍ਰਾਚੀਨ ਰਚਨਾ ਰਿਖੀ ਵਾਲਮਿਕੀ ਵਲੋਂ ਰਚੀ ਬਾਲਮਿਕੀ ਰਾਮਾਇਣ ਹੈ।ਬਚਿਤ੍ਰ ਨਾਟਕ ਰਚੇ ਜਾਣ ਸਮੇ ਬਾਲਮਿਕੀ ਰਮਾਇਣ ਹੀ ਪ੍ਰਚਲਨ ਵਿਚ ਸੀ। ਅੱਜ ਭੀ ਬਾਲਮਿਕੀ ਰਾਮਾਇਣ ਹੀ ਸਭ ਤੋ ਜਿਆਦਾ ਪ੍ਰਮਾਣਿਕ ਸਤੇ ਪੁਰਾਤਨ ਮੰਨੀ ਜਾਂਦੀ ਹੈ।

ਬਾਲਮਿਕੀ ਰਾਮਇਣ ਮੁਤਾਬਿਕ ਬ੍ਰਹਮਾ ਹੀ ਰਾਮਚੰਦਰ ਜੀ ਦੇ ਸਬ ਤੋਂ ਵਡੇ ਪੂਰਵਜ ਹਨ।ਬਾਲਮਿਕੀ ਰਾਮਇਣ ਦੇ ਬਾਲ ਕਾਂਡ ਦੇ ੭੦ ਵੇਂ ਆਧਿਆਇ ਵਿਚ ਸ਼੍ਰੀ ਰਾਮਚੰਦਰ ਨੂੰ ਬ੍ਰਹਮਾ ਦੀ ੪੦ਵੀ ਪੀੜੀ ਦਰਸਾਇਆ ਗਿਆ ਹੈ।

| | | | | | | | | | |
|---|---|---|---|---|---|---|---|---|---|
| ੧ | ਬ੍ਰਹਮਾ | ੨ | ਮਰੀਚੀ | ੩ | ਕਸ਼ਯਪ | ੪ | ਬਿਬਸਵਨ | ੫ | ਮਨੂ |
| ੬ | ਇਛਾਕੂ | ੭ | ਕੁਦੀ | ੮ | ਬਿਕੁਕੀ | ੯ | ਬਾਣ | ੧੦ | ਅਨਰੰਨਗ |
| ੧੧ | ਪ੍ਰਿਥੂ | ੧੨ | ਤਿਸੰਕੂ | ੧੩ | ਧੁੰਧੁਮਾਰ | ੧੪ | ਯੁਵਨਾਸਵ | ੧੫ | ਮਾਧਾਤਾ |
| ੧੬ | ਸਸੂੰਧੀ | ੧੭ | ਧਰਵਸੰਧੀ | ੧੮ | ਿਰਤ | ੧੯ | ਅਸਤਿ | ੨੦ | ਸਗਰ |
| ੨੧ | ਅਸਮੰਜਸ | ੨੨ | ਅੰਸੁਮਾਨ | ੨੩ | ਦਿਲੀਪ | ੨੪ | ਭਗੀਰਥ | ੨੫ | ਕੁਕਤਾਯ |
| ੨੬ | ਰਘੁ | ੨੭ | ਪਬਿਧ | ੨੮ | ਸਖਣ | ੨੯ | ਸੁਦਰਸ਼ਨ | ੩੦ | ਅਗਨਿਬਰਣ |
| ੩੧ | ਸੀਘ੍ਰਮ | ੩੨ | ਮਰੂ | ੩੩ | ਪ੍ਰਸੁਸਕ | ੩੪ | ਅੰਬਰੀਸ | ੩੫ | ਨਹੁਖ |
| ੩੬ | ਯਯਾਤੀ | ੩੭ | ਨਾਭਾਗ | ੩੮ | ਅਜ | ੩੯ | ਦਸ਼ਰਥ | ੪੦ | ਰਾਮ |

ਹਿੰਦੂ ਧਰਮ ਮੁਤਾਬਿਕ ਸ਼੍ਰੀ ਰਾਮਚੰਦਰ ਜਿਥੇ ੪੦ਵੇ ਵੰਸ਼ਜ ਹਨ ਉਥੇ ਇਹ ਭੀ ਧਾਰਣਾ ਹੈ ਕਿ ਸ਼੍ਰੀ ਰਾਮਚੰਦਰ ਵਿਸ਼ਨੂੰ ਦੇ ਹੀ ਅਵਤਾਰ ਸਨ।ਇਹ ਸਾਰੇ ਵਿਚਾਰ ਹਿੰਦੂ ਧਰਮ ਦੀ ਧਾਰਣਾਵਾਂ ਮੁਤਾਬਿਕ ਹੀ ਹਨ।

ਬਚਿਤ੍ਰ ਨਾਟਕ ਦੇ ਅਧਾਰ ਤੇ ਕਾਲ ਦੇ ਪਸਾਰਾ ਪਰਸਣ ਤੋਂ ਬਾਦ ਉਅੰਕਾਰ ਵਲੋਂ ਸ੍ਰਿਸ਼ਟੀ ਦੀ ਉਤਪਤੀ ਹੋਈ (ਅ:੨,ਛੰਤ:੧੦ )।ਇਸ ੳਤਪਤੀ ਤੋ ਬਾਦ ਸੰਸ਼ਾਰ ਤੇ ਸਬ ਤੋਂ ਪਹਿਲਾ ਰਾਜਾ ਕਾਲਧੂਜ ਹੋਇਆ।ਉਸ ਤੋ ਮਗਰੋ ਇਹ ੩ ਰਾਜੇ ਹੋਏ:-

੧ ਕਾਲਕੇਤ
੨ ਕ੍ਰੂਰਬਰਸ
੩ ਕਏਲਧੂਜ

ਇਨ੍ਹਾਂ ਸਾਰਿਆ ਦੇ ਮਗਰੋ ਅਨੇਕਾਂ ਰਾਜੇ ਹੋਏ।ਇਨ੍ਹਾਂ ਅਨੇਕਾਂ ਰਾਜਿਆਂ ਤੋ ਅਗੇ ਦਸ ਰਾਜੇ ਹੋਏ।

**ਤਿਨ ਤੇ ਹੇਤ ਬਹੁਤ ਨ੍ਰਿਪ ਆਏ॥**
**ਕੱਛ ਪ੍ਰਜਾਪਤਿ ਤਿਨ ਅਪਜਾਏ॥**

ਇਨ੍ਹਾਂ ਦਸ ਰਾਜਿਆ ਦੇ ਵੰਸ਼ਜਾ ਦਾ ਪ੍ਰਸੰਗ ਅਗਲੇ ਛੰਤਾਂ ਵਿਚ ਇਉ ਆਉਂਦਾ ਹੈ ਕਿ ਰਾਜਿਆ ਦੀਆਂ ਅਗੋ ਦਸ ਹਜਾਰ ਕੁੜਿਆਂ ਹੋਇਆ।ਇਨ੍ਹਾਂ ਵਿਚੋ ਚਾਰ ਦਾ ਵਿਆਹ ਕਿਸੀ ਰਿਸ਼ੀ ਨਾਲ ਹੋਇਆ।ਬਾਕੀ ਸਾਰਿਆਂ ਦਾ ਵਿਆਹ ਰਾਜਿਆ ਨਾਲ ਹੋਇਆ।ਰਿਸਿ ਨਾਲ ਵਿਆਹੀ ਗਈ ਦਿਤੀ ਤੋ ਦੇਵਤਿਆ ਦਾ ਜਨਮ ਹੋਇਆ। ਇਨ੍ਹਾਂ ਵਿਚੋ ਹੀ ਸੂਰਜ ਦੇਵਤਾ ਹੋਇਆ।ਸੂਰਜ ਵੰਸ਼ ਦੇ ਅਨੇਕੋ ਰਾਜੇ ਹੋਏ।ਇਨ੍ਹਾਂ ਵਿਚੋ ਹੀ ਰਘੁ ਰਾਜਾ ਹੋਇਆ।ਜਿਸ ਤੋ ਰਘੁ ਵੰਸ਼ ਚਲਿਆ।ਇਸ ਦਾ ਪੁਤਰ ਰਾਜਾ ਅਜ ਹੋਇਆ।ਰਾਜਾ ਅਜ ਦੇ ਮਗਰੋ ਉਸ ਦਾ ਪੁਤਰ ਰਾਜਾ ਦਸ਼ਰਧ ਹੋਇਆ।ਇਸ ਰਾਜਾ ਦਸ਼ਰਧ ਦੇ ਘਰ ਹੀ ਸ੍ਰੀ ਰਾਮਚੰਦਰ ਦਾ ਜਨਮ ਹੋਇਆ।

## ਬਚਿਤ੍ਰ ਨਾਟਕ ਮੁਤਾਬਿਕ ਸਿਜਰਾ ਇਵੇਂ ਬਣੇਗਾ

ਕਾਲ (ਆਧਿਆਇ ੨ : ਛੰਤ ੧੦)
l
ਉਅੰਕਾਰ (ਉਹੀ)
l
ਕਾਲਸੈਣ (ਉਹੀ)
l
ਕਾਲਕੇਤ (ਉਹੀ)
l
ਕ੍ਰੂਰਬਰਸ (ਉਹੀ)
l
ਕਾਲਧੁਜ (ਉਹੀ)
l
................
............ (ਆਧਿਆਇ ੨:ਛੰਤ ੧੯)
ਅਨੇਕਾਂ ਰਾਜੇ ਹੋਏ
l
੧੦ ਰਾਜੇ ਹੋਏ (ਉਹੀ)
l
ਦਸ ਹਜਾਰ ਕੂੜਿਆ ਹੋਇਆ

(ਇਥੇਂ ਕਾਲ ਵੰਸ਼ ਦਾ ਅੰਤ ਹੋ ਗਇਆ। ਇਸ ਤੋ ਅਗੇ ਕਿਧਰੇ ਬੀ ਕਾਲ ਦੇ ਵੰਸ਼ ਦਾ ਜਿਕਰ ਨਹੀਂ ਆਇਆ ਹੈ)

ਇਨ੍ਹਾਂ ਕੁੜਿਆ ਵਿਚੋ ਹੀ ੪ ਕੁੜਿਆ ਦਾ ਵਿਆਹ ਕਿਸੇ ਰਿਖੀ ਨਾਲ ਹੋ ਗਿਆ। ਜਿਸ ਦਾ ਨਾਮ ਨਹੀਂ ਲਿਖਿਆ ਗਿਆ। ਜਿਸਦਾ ਵੰਸ਼ ਅਗੇ ਇਸ ਤਰ੍ਹਾਂ ਨਾਲ ਚਲਿਆ ਜਿਸ ਤਰ੍ਹਾਂ ਵਰਣਨ ਮਿਲਦਾ ਹੈ:-

ਰਿਸ਼ਿ
l
-----------------------------------------------------------------------------------------
l l l l
ਗਰੂੜ ਵੰਸ਼ (ਬਨਿਤਾ) | ਨਾਗ ਵੰਸ਼ (ਕਦਰੂ) | ਦੈਂਤ (ਅਦਿਤਿ) | ਦੇਵਤੇ (ਦਿਤਿ)

ਦੇਵਤੇ (ਦਿਤਿ)
l
ਸੂਰਜ
l
...............
(ਉਹੀ)

ਅਨੇਕਾਂ ਰਾਜੇ ਹੋਏ
l
ਰਘੁ
l
ਅਜ
l
ਦਸ਼ਰਥ
l
l

-----------------------------------------------------------------------------------------
l l l l

ਰਾਮ ਭਰਥ ਲਛਮਨ (ਅ ੨: ਛੰਤ ੨੨) ਸ਼ਤ੍ਰਘਨ

## ਧਿਆਨ ਦੇਣ ਜੋਗ ਵਿਚਾਰ:-

ਹਿੰਦੂ ਧਰਮ ਗ੍ਰੰਥਾਂ ਮੁਤਾਬਿਕ ਸ੍ਰਿਸ਼ਟੀ ਦੀ ਰਚਨਾ ਬ੍ਰਹਮਾ ਵਲੋਂ ਕੀਤੀ ਗਈ ਹੈ—

**यत्तत्कारणमव्यक्तमं नित्यं सदसदात्मकम्।।**
**तद्धिसृष्टतः स पुरषो लोके ब्रहोति कीर्त्यते।।३।।**

**(मनु स्मृति)**

ਭਾਵ - ਇਹ ਸ੍ਰਿਸ਼ਟੀ ਦੇ ਲਈ ਆਪ ਉਤਪਨ ਹੋ ਕੇ ਅਤੇ ਅਹੋਚਰ ਹੌਂਦੇ ਹੋਏ ਵੀ ਸੱਤ ਅਸੱਤ ਵਿਚ ਸਦਾ ਵਰਤ ਕੇ ਪ੍ਰਕਾਰਤੀ ਦਾ ਅਧਾਰ ਬ੍ਰਹਮਾ ਹੀ ਹੈ।

ਬਚਿਤ੍ਰ ਨਾਟਕ ਦੀ ਸ੍ਰਿਸ਼ਟੀ ਉਤਪਤੀ ਦੀ ਗੱਲ ਗੁਰਬਾਣੀ ਅਤੇ ਸਾਇੰਸ ਨਾਲ ਕਿਧਰੇ ਵੀ ਮੇਲ ਨਹੀਂ ਖਾਂਦੀ(ਬਚਿਤ੍ਰ ਨਾਟਕ ਤੇ ਸ੍ਰਿਸ਼ਟੀ ਦੀ ਉਤਪਤੀ ਵਾਲੇ ਲੇਖ ਵਿਚ ਪਹਿਲਾਂ ਹੀ ਕਰ ਚੁਕੇ ਹਾਂ) ਤੇ ਨਾ ਹੀ ਹਿੰਦੂ ਧਰਮ ਗ੍ਰੰਥਾਂ ਨਾਲ ਢੁਕਵੀ ਲਗਦੀ ਹੈ।

ਸ੍ਰੀ ਰਾਮਚੰਦਰ ਦਾ ਜਨਮ ਰਘੁ ਕੁਲ ਵਿਚ ਹੋਇਆ।ਜੋ ਕਿ ਬਚਿਤ੍ਰ ਨਾਟਕ ਬਾਲਮਿਕੀ ਰਾਮਾਇਣ ਨਾਲ ਤੇ ਮਿਲਦਾ ਹੈ ਪਰ ਦੋਨੋ ਹੀ ਰਚਨਾਵਾਂ ਵਿਚ ਬੜਾ ਭਾਰੀ ਅੰਤਰ ਮਿਲਦਾ ਹੈ।ਬਾਲਮਿਕੀ ਰਾਮਇਣ ਮੁਤਾਬਿਕ ਰਾਜਾ ਰਘੁ ਬ੍ਰਹਮਾ ਦੀ ੨੬ ਵੀ ਵੰਸ਼ ਹੈ ਤੇ ਰਾਜਾ ਅਜ ੩੮ ਵੀ ਵੰਸ਼ ਹੈ।ਰਾਜਾ ਅਜ ਦੇ ਘਰ ਦਸ਼ਰਥ ਅਤੇ ਦਸ਼ਰਥ ਦੇ ਘਰ ਰਾਜਾ ਰਾਮਚਚੰਦਰ ਦਓ ਜਨਮ ਹੋਇਆ।ਇਸ ਤਰ੍ਹਾਂ ਨਾਲ ਸ੍ਰੀ ਰਾਮਚੰਦਰ ਬ੍ਰਹਮਾ ਦੇ ਵੰਸ਼ਜ ਹਨ।

ਦੂਜੇ ਪਾਸੇ ਬਚਿਤ੍ਰ ਨਾਟਕ ਦੇ ਮੁਤਾਬਿਕ ਕਾਲ ਦੇ ੪ ਵੰਸ਼ਜ ਰਾਜੇ ਹੋਣ ਮਗਰੋਂ ਅਨੇਕ ਰਾਜੇ ਹੋਏ।ਉਨ੍ਹਾਂ ਦੇ ਮਗਰੋਂ ਅਨੇਕ ਰਾਜੇ ਹੋਏ।ਇਨ੍ਹਾਂ ਅਨੇਕ ਰਾਜਿਆ ਤੋਂ ੧੦ ਰਾਜੇ ਉਤਪਨ ਹੋਏ।ਇਨ੍ਹਾਂ ਰਾਜਿਆ ਦੀਆ ਅਗੋ ੧੦ ਹਜਾਰ ਕੂੜਿਆ ਹੋਇਆ।ਇਨ੍ਹਾਂ ਵਿਚੋ ੪ ਕੂੜਿਆ ਛੱਡ ਕੇ ਬਾਕੀ ਦਾ ਵਿਆਹ ਰਾਜਿਆ ਨਾਲ ਹੋ ਗਿਆ।ਇਹ ਚਾਰੋ ਕਿਸੀ ਰਿਸ਼ੀ(ਰਿਸਿ ਦਾ ਨਾਂ ਨਹੀਂ ਦਸਿਆ ਗਿਆ) ਨਾਲ ਵਿਆਹਿਆ ਗਈਆ।ਇਨ੍ਹਾਂ ਵਿਚੋ ਦਿਤੀ ਦੀ ਕੁਖ ਤੋ ਦੇਵਤਿਆ ਦਾ ਜਨਮ ਹੋਇਆ।ਇਨ੍ਹਾਂ ਦੇਵਿਆ ਵਿਚੋ ਸੂਰਜ ਭੀ ਇਕ ਦੇਵਤਾ ਸੀ।ਇਸੀ ਸੂਰਜ ਤੋ ਸੂਰਜ ਵੰਸ਼ ਚਲਿਆ।ਸੂਰਜ ਵੰਸ਼ ਅਨੇਕੋ ਰਾਜੇ ਹੋਣ ਮਗਰੋ ਰਾਜਾ ਰਘੂ ਹੋਇਆ।ਜਿਸ ਤੋ ਰਘੁ ਕੁਲ ਚਲਿਆ।

ਬਾਲਮਿਕੀ ਰਾਮਾਇਣ ਦੇ ਅਧਾਰ ਤੇ ਰਾਜਾ ਰਘੂ ਬ੍ਰਹਮਾ ਦੀ ੨੬ ਵੀ ਅੰਸ਼ ਹੈ ਜਦਕਿ ਬਚਿਤ੍ਰ ਨਾਟਕ ਦੇ ਖਿਆਲ ਵਿਚ ਰਾਜਾ ਰਘੂ ਦੇ ਪੂਰਵਜ ਬਾਲਮਿਕੀ ਰਾਮਾਇਣ ਵਿਚ ਦਰਸਾਈ ਗਈ ਵੰਸ਼ਾਵਲੀ ਨਾਲ ਨਹੀਂ ਰਲਦੇ।ਬਚਿਤ੍ਰ ਨਾਟਕ ਵਿਚ ਰਾਜਾ ਰਘੂ ਨੂੰ ਸੂਰਜਵੰਸ਼ੀ ਦਰਸਾਇਆ ਗਿਆ ਹੇ।ਬਾਲਮਿਕੀ ਰਾਮਾਇਣ ਵਿਚ ਸੂਰਜ ਨਾਂ ਦਾ ਨਾ ਤੇ ਕੋਈ ਦੇਵਤਾ ਹੋਇਆ ਹੈ ਤੇ ਨਾ ਹੀ ਕੋਈ ਰਾਜਾ ਜੰਮਿਆ ਹੈ।ਬਾਲਮਿਕੀ ਰਾਮਰਇਣ ਮੁਤਾਬਿਕ ਰਾਜਾ ਅਜ ਬ੍ਰਹਮਾ ਦੀ ੩੮ ਵੀ ਤੇ ਰਘੂ ਦੀ ੧੨ ਵੀ ਵੰਸ਼ ਹੈ ਜਦਕਿ ਬਚਿਤ੍ਰ ਨਾਟਕ ਵਿਚ ਰਾਜਾ ਅਜ ਰਾਜਾ ਰਘੂ ਦਾ ਹੀ ਪੁਤਰ ਹੈ।

ਬਾਲਮਿਕੀ ਰਾਮਾਇਣ ਦੇ ਅਧਾਰ ਤੇ ਸ਼੍ਰੀ ਰਾਮਚੰਦਰ ਜੀ ਬ੍ਰਹਮਾ ਦੇ ਵੰਸ਼ ਵਿਚੋ ਹਨ ਜਦਕਿ ਬਚਿਤ੍ਰ ਨਾਟਕ ਮੁਤਾਬਿਕ ਸ਼੍ਰੀ ਰਾਮਚੰਦਰ ਜੀ ਦੇ ਵਡੇਰੇ ਸੂਰਜ ਦੇਵਤੇ ਦਾ ਜਨਮ ਇਕ ਰਿਸ਼ੀ ਤੋ ਹੌਂਦਾ ਹੈ।ਜਿਸਦੀ ਮਾਂ ਦਿਤੀ ਦਾ ਵਿਆਹ ਦਸ ਰਾਜਿਆ ਵਲੋ ਰਿਸ਼ੀ ਨਾਲ ਕਰ ਦਿਤਾ ਜਾਂਦਾ ਹੈ।ਬਚਿਤ੍ਰ ਨਾਟਕ ਦੀ ਰੋਸਨੀ ਵਿਚ ਸ਼੍ਰੀ ਰਾਮਚੰਦਰ ਜੀ ਦਾ ਬ੍ਰਹਮਾ ਨਾਲ ਕੋਈ ਭੀ ਕਿਸੇ ਤਰ੍ਹਾਂ ਦਾ ਕੋਈ ਸਬੰਧ ਨਹੀਂ ਹੈ।

ਬਚਿਤ੍ਰ ਨਾਟਕ ਵਿਚ ਹਿੰਦੂ ਧਰਮ ਦੇ ਅਵਤਾਰ ਸ਼੍ਰੀ ਰਾਮਚੰਦਰ ਜੀ ਦੀ ਵੰਸ਼ਾਵਲੀ ਦਾ ਹਿੰਦੂ ਧਰਮ ਦੇ ਗ੍ਰੰਥਾਂ ਨਾਲ ਹੀ ਗਿਹਰਾ ਮਤਭੇਦ ਹੈ।ਬਚਿਤ੍ਰ ਨਾਟਕ ਵਿਚ ਸ਼੍ਰੀ ਰਾਮਚੰਦਰ ਜੀ ਨਾਲ ਸਬਧੰਤ ਕੋਈ ਭੀ ਤੱਥ ਰਾਮਾਇਣ ਨਾਲ ਮੇਲ ਨਹੀਂ ਖਾਂਦਾ।ਜੋ ਇਸ ਵਿਚਾਰ ਨੂੰ ਪੂਰਨ ਤੌਰ ਤੇ ਪੱਕਾ ਤੇ ਯਕੀਨ ਯੋਗ ਬਣਾਂਦਾ ਹੈ ਕਿ ਸ਼੍ਰੀ ਰਾਮਚੰਦਰ ਜੀ ਦੇ ਸਬੰਧ ਵਿਚ ਕੀਤਾ ਗਿਆ ਸਾਰਾ ਵਿਚਾਰ ਕੇਵਲ ਤੇ ਕੇਵਲ ਕਵੀ ਸਾਹਿਬ ਦੀ ਮਨੋਕਲਪਨਾ ਤੌਂ ਵੱਧ ਕੁਝ ਭੀ ਨਹੀਂ।ਇਹ ਰਚਨਹਾਰੇ ਦੀ ਮਨੋਕਲਪਨਾ ਤੌ ਵੱਧ ਕੁਝ ਭੀ ਨਹੀਂ ਲਗਦਾ ਜੋ ਉਸਨੇ ਹਿੰਦੂ ਓਰ ਸਿੱਖ ਪਰੱਪਰਾਵਾਂ ਵਿਚ ਮਿਲਗੋਭਾ ਕਰਕੇ ਆਮ ਲੁਕਾਈ ਨੂੰ ਭਰਮਾਉਣ ਤੋਂ ਵੱਧ ਕੋਈ ਹੋਰ ਜਤਨ ਨਹੀਂ ਕੀਤਾ ਹੈ।ਇਨ੍ਹਾਂ ਵਿਚਾਰਾਂ ਤੋ ਇਹ ਗੱਲ ਸ਼ੀਸ਼ੇ ਵਾੱਗ ਸਾਫ ਹੈ ਕਿ ਬਚਿਤ੍ਰ ਨਾਟਕ ਦੀ ਕਥਾਵਸਤੂ ਕੇਵਲ ਸੁਣੀ ਸੁਣਾਈ ਗੱਲਾਂ ਤੇ ਅਧਾਰਤ ਹੈ ਨਾ ਕਿ ਕਿਸੇ ਠੋਸ ਅਧਾਰ ਤੇ।ਸੋ ਬਚਿਤ੍ਰ ਨਾਟਕ, ਬਚਿਤ੍ਰ ਕਵੀ ਦੀ ਬਚਿਤ੍ਰ ਮਨੋ ਕਲਪਨਾ ਤੋ ਵੱਧ ਹੋਰ ਕੁਝ ਭੀ ਨਹੀਂ ਲਗਦਾ।

ਮਨਮੀਤ ਸਿੰਘ

**email:- manmeetnew@yahoo.co.in**